ISSN 2278-5167
www.shabaduk.co.uk

# ਸ਼ਬਦ 111

ਮੁੱਲ 100 ਰੁਪਏ



ਸਾਹਿਤ, ਕਲਾ ਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ

*SHABAD is an International Quarterly of Literature, Art and Culture*

# ਸ਼ਬਦ

ਸਾਲ : 28 ਅੰਕ ਨੰ. : 111 ਜੁਲਾਈ-ਸਤੰਬਰ 2025

Website : www.shabaduk.co.uk

ISSN 2278-5167

*ਮੁੱਖ ਸੰਪਾਦਕ*

**ਹਰਜੀਤ ਅਟਵਾਲ**

67, Hillside Road, Southall, Middlesex , England. UB1 2PE

Ph. : 020-85780393 Mobile : 07782-265726

e mail: harjeetatwal@yahoo.co.uk, harjeetatwal@hotmail.co.uk

*ਸੰਪਾਦਕ*

**ਜਿੰਦਰ**

984, Near Surinder Welding Works, Rajput Nagar,
Model House, Jalandhar-144003

Mobile : 98148 03254

Email : jinder340@gmail.com

**ਹਰਮਹਿੰਦਰ ਚਹਿਲ**

7305, Sterling Grove Dr., Springfield VA 22150 U.S.A.

Ph. 001-703-362-3239

Email : Chahals57@Yahoo.com

**ਰਵੀ ਸ਼ੇਰਗਿੱਲ**

8042, Prairie Hawk Way, Sacramento, CA 95829 U.S.A.

Ph. 001-916-753-2868

Email : drgilldvm@Yahoo.com

ਇੰਡੀਆ ਵਿੱਚ 'ਸ਼ਬਦ' ਲਈ ਸਹਿਯੋਗ ਰਾਸ਼ੀ ਬੈਂਕ ਵਿੱਚ Saiffi ਦੇ ਨਾਂ ਭੇਜੀ ਜਾਵੇ। Saiffi, Bank Of India, Account No 640410100003680, IFSC No BKID0006404. Branch Satluj Markeet , Jalandhar

**ਵਿਸ਼ੇਸ਼ ਨੋਟ :** ਚੈੱਕ, ਬੈਂਕ ਡਰਾਫਟ 'ਤੇ ਕੇਵਲ Saiffi ਲਿਖਿਆ ਹੋਣਾ ਚਾਹੀਦਾ ਹੈ।

***ਚੰਦਾ :*** 600 ਰੁ: ਸਾਲਾਨਾ, 40 ਪੌਂਡ ਸਾਲਾਨਾ, 100 ਡਾਲਰ ਸਾਲਾਨਾ,

***ਲਾਈਫ ਮੈਂਬਰਸ਼ਿਪ :*** ਵੀਹ ਹਜ਼ਾਰ ਰੁਪਏ

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਕੋਈ ਵੀ ਕਾਨੂੰਨੀ ਕਾਰਵਾਈ ਲੰਦਨ ਦੀ ਅਦਾਲਤ 'ਚ ਹੋਵੇਗੀ।

# ਤਤਕਰਾ


1. ਸੰਪਾਦਕੀ/3
2. ਨਾਵਲ/ਹਰਜੀਤ ਅਟਵਾਲ/5
3. ਜਾਗਦਿਆਂ ਲਏ ਸੁਪਨੇ ਦੀ ਤਾਮੀਰ/ਜਸਪਾਲ ਮਾਨਖੇੜਾ/67
4. ਕਹਾਣੀਆਂ :
    ਮੈਡਮ ਦਾ ਕੁੱਤਾ/ਬਲਵਿੰਦਰ ਸਿੰਘ ਬਰਾੜ/68
    ਫ਼ੈਸਲਾ/ਜਸਪਾਲ ਕੌਰ/75
    ਮੈਂ ਲਾਸ਼ੇਂ ਬਨਾਤਾ ਹੂੰ/ਰਵਿੰਦਰ ਰੁਪਾਲ ਕੌਲਗੜ੍ਹ/83
    ਪੁੜਾਂ 'ਚ ਪਿਸਦੀ ਜ਼ਿੰਦਗੀ/ਚਰਨਜੀਤ ਸਮਾਲਸਰ/92
    ਜੈਸਮੀਨ/ਅਲਫ਼ਾਜ਼/101
5. ਇਨ੍ਹਾਂ ਪੰਜ ਕਹਾਣੀਆਂ ਬਾਰੇ ਵਿਚਾਰ ਚਰਚਾ/
    ਮੈਡਮ ਦਾ ਕੁੱਤਾ/ਡਾ. ਹਰੀਸ਼ ਬਰਨਾਲਾ/109
    ਔਰਤ ਦੇ ਹਾਸ਼ੀਏ ਦੇ ਆਰ-ਪਾਰ ਦੇ ਸੰਘਰਸ਼ਾਂ
    ਦਾ ਬਿਰਤਾਂਤ: ਫ਼ੈਸਲਾ/ਡਾ. ਗੁਰਪ੍ਰੀਤ ਸਿੰਘ/111
    ਮੈਂ ਲਾਸ਼ੇਂ ਬਨਾਤਾ ਹੂੰ/115
    ਪੁੜਾਂ 'ਚ ਪਿਸਦੀ ਜ਼ਿੰਦਗੀ/ਡਾ. ਗੁਰਵਿੰਦਰ ਸਿੰਘ/116
    ਜੈਸਮੀਨ/119
6. ਰੇਖਾ ਚਿੱਤਰ : ਧਰੂ ਤਾਰੇ ਕੇਵਲ ਜੀ/ਹਰਮਹਿੰਦਰ ਚਹਿਲ/120
7. ਸਵੈ ਜੀਵਨੀ ਅੰਸ਼ : ਸਰਕਾਰੀ ਨੌਕਰੀ ਦਾ
   ਆਖ਼ਰੀ ਦਿਨ/ਹਰਜਿੰਦਰ ਸਿੰਘ ਸੂਰੇਵਾਲੀਆ/129
8. ਨਵੀਆਂ ਛਪੀਆਂ ਪੁਸਤਕਾਂ : ਸਮਕਾਲੀ ਪੰਜਾਬੀ ਕਹਾਣੀ ਦੇ ਨਵੇਂ ਨਕਸ਼ਾਂ ਅਤੇ
   ਪ੍ਰਤੀਨਿਧ ਨਮੂਨਿਆਂ ਦਾ ਕੋਲਾਜ: ਕਥਾ ਸਮਰੱਥ/ਪ੍ਰੋ. ਧਨਵੰਤ ਕੌਰ/136
9. ਉਡਿ ਉਡਿ ਦਹਦਿਸ ਜਾਇ : ਮਨੁ ਪੰਖੀ ਭਇਓ/ਹਰਕਮਲਪ੍ਰੀਤ ਸਿੰਘ/145
10. ਸੁਰਿੰਦਰ ਸੀਹਰਾ ਦੇ ਗ਼ਜ਼ਲ ਸੰਗ੍ਰਿਹ ਸ਼੍ਰੀ ਵਿੱਚੋਂ
    ਲੰਘਦਿਆਂ/ਗੁਰਪ੍ਰੀਤ ਸਿੰਘ ਸਾਹੂਵਾਲਾ (ਡਾ.)/153

ਸਵਾਲ ਹੈ: ਕੀ ਲੇਖਕ ਨੂੰ ਉਹੋ ਜਿਹਾ ਹੋਣਾ ਚਾਹੀਦਾ ਹੈ ਜਿਹੋ ਜਿਹਾ ਉਹ ਲਿਖਦਾ ਹੈ ? ਜੋ ਵਿਚਾਰਧਾਰਾ, ਨਿੱਜੀ ਮੁੱਲ, ਵਰਤਾਓ ਲੇਖਕ ਆਪਣੀ ਰਚਨਾ ਵਿੱਚ ਪੇਸ਼ ਕਰਦਾ ਹੈ ਕੀ ਉਹ ਸਭ ਉਸ ਨੂੰ ਆਪਣੇ ਜੀਵਨ ਵਿੱਚ ਵੀ ਲਾਗੂ ਕਰਨੇ ਚਾਹੀਦੇ ਹਨ ? ਇਹ ਸਵਾਲ ਪੰਜਾਬੀ ਸਾਹਿਤ ਵਿੱਚ ਹੀ ਨਹੀਂ ਸਗੋਂ ਦੁਨੀਆ ਭਰ ਦੇ ਸਾਹਿਤ ਵਿੱਚ ਪੁੱਛਿਆ ਗਿਆ ਹੈ ਤੇ ਵਾਰ ਵਾਰ ਪੁੱਛਿਆ ਜਾਂਦਾ ਰਿਹਾ ਹੈ। ਇਤਿਹਾਸ ਗਵਾਹ ਹੈ ਕਿ ਲੇਖਕ ਸਮੇਂ ਸਮੇਂ ਦੁਨੀਆ ਨੂੰ ਪ੍ਰਭਾਵਿਤ ਕਰਦੇ ਆਏ ਹਨ। ਇਸ ਲਈ ਇਹ ਸਵਾਲ ਬਹੁਤ ਸਾਰਥਕ ਬਣ ਜਾਂਦਾ ਹੈ ਕਿ ਕੀ ਲੇਖਕ ਜੋ ਕੁਝ ਆਪਣੀ ਲਿਖਤ ਵਿੱਚ ਹੈ, ਲਿਖਤ ਤੋਂ ਬਾਹਰ ਵੀ ਉਹੋ ਹੈ। ਭਾਵ ਕਿ ਜੇ ਇਕ ਨਾਵਲ ਜਾਂ ਕਵਿਤਾ ਵਿੱਚ ਕਿਸੇ ਵਿਚਾਰਧਾਰਾ, ਮੁੱਲਾਂ ਜਾਂ ਯਕੀਨ ਦੀ ਗੱਲ ਕੀਤੀ ਜਾ ਰਹੀ ਹੈ ਤਾਂ ਆਲੋਚਕ ਦਾ ਕਹਿਣਾ ਹੈ ਕਿ ਉਹੀ ਵਿਚਾਰਧਾਰਾ, ਯਕੀਨ ਜਾਂ ਮੁੱਲ ਲੇਖਕ ਉਪਰ ਵੀ ਲਾਗੂ ਹੋਣ। ਈ.ਡੀ. ਹਿਰਚ ਲਿਖਦਾ ਹੈ ਕਿ ਲਿਖਤ ਨੂੰ ਸਮਝਣ ਲਈ ਲੇਖਕ ਦੇ ਦਰਸ਼ਨ, ਜੀਵਨ-ਜਾਚ, ਉਸ ਦੇ ਯਕੀਨਾਂ ਨੂੰ ਸਮਝਣਾ ਜ਼ਰੂਰੀ ਹੋ ਜਾਂਦਾ ਹੈ। ਲਿਖਤ ਦੇ ਉਹੀ ਮਾਇਨੇ ਹਨ ਜੋ ਲੇਖਕ ਸਮਝਦਾ/ਸਮਝਾਉਂਦਾ ਹੈ, (The text means what its meant.)।ਕਈ ਵਾਰ ਸਕਾਲਰ ਲੇਖਕ ਦੀ ਰਚਨਾ ਦਾ ਮੁਲਾਂਕਣ ਕਰਨ ਲਈ ਉਸ ਦੀ ਰਚਨਾ ਤੋਂ ਬਾਹਰ ਜਾਂਦੇ, ਉਸ ਦੀਆਂ ਚਿੱਠੀਆਂ, ਲੇਖਾਂ, ਇੰਟਰਵਿਊ ਆਦਿ ਦੀ ਸਹਾਇਤਾ ਲੈਂਦੇ ਹਨ। ਇਹ ਆਮ ਧਾਰਨਾ ਹੈ ਕਿ ਲੇਖਕ ਦਾ ਨੈਤਿਕ ਫਰਜ਼ ਹੈ ਕਿ ਉਹ ਆਪਣੇ ਕਾਰਜ ਪ੍ਰਤੀ ਸੁਹਿਰਦ ਹੋਵੇ। ਬਹੁਤ ਸਾਰੇ ਵਿਦਵਾਨ ਲੇਖਕ ਦੇ ਜੀਵਨ ਤੇ ਉਸ ਦੀ ਰਚਨਾ ਵਿੱਚ ਇਕਸੁਰਤਾ ਹੋਣ ਦੀ ਦਲੀਲ ਦਿੰਦੇ ਹਨ। ਇਸ ਬਾਰੇ ਇਕ ਮੁਹਾਵਰਾ ਵਰਤਿਆ ਜਾਂਦਾ ਹੈ, ਤੁਰਨ ਵਿੱਚ ਤੇ ਗੱਲ ਕਰਨ ਵਿੱਚ ਇਕਸੁਰਤਾ, (One should 'walk one's talk.')। ਇਹ ਗੱਲ ਵੀ ਆਮ ਕਹੀ ਜਾਂਦੀ ਹੈ ਕਿ ਜਿਹੜੇ ਲੇਖਕ ਆਪਣੀਆਂ ਲਿਖਤਾਂ ਵਿੱਚ ਕੁਝ ਹੋਰ ਪ੍ਰਸਾਰਦੇ ਹਨ ਤੇ ਅਸਲੀ ਜੀਵਨ ਵਿੱਚ ਕੁਝ ਹੋਰ ਹਨ, ਉਹ ਪਖੰਡੀ ਹਨ। ਜਿਹੜਾ ਪਾਠਕ ਅਜਿਹੇ ਲੇਖਕ ਉਪਰ ਯਕੀਨ ਕਰਦਾ ਹੈ ਉਹ ਠਗਿਆ ਹੋਇਆ ਮਹਿਸੂਸ ਕਰਦਾ ਹੈ। ਨੌਨ-ਫਿਕਸ਼ਨ, ਜੀਵਨੀ, ਯਾਦ ਸਾਹਿਤ 'ਤੇ ਤਾਂ ਇਹ ਗੱਲ ਹੋਰ ਵੀ ਸ਼ਿਦਤ ਨਾਲ ਲਾਗੂ ਹੁੰਦੀ ਹੈ। ਇਕ ਪ੍ਰਸਿੱਧ ਲੇਖਕ ਜੇਮਜ਼ ਫਰੇ ਦੀ ਸਭ ਤੋਂ ਵਧ ਵਿਕਣ ਵਾਲੀ ਕਿਤਾਬ 'ਏ ਮਿਲੀਅਨ ਲਿਟਲ ਪੀਸਜ਼' ਵਿੱਚ ਉਸ ਨੇ ਬਹੁਤ ਕੁਝ ਝੂਠ ਲਿਖ ਦਿੱਤਾ ਸੀ ਜਿਸ ਦੀ ਘੋਰ ਆਲੋਚਨਾ ਹੋਈ ਸੀ ਤੇ ਜਿਸ ਬਾਰੇ ਉਸ ਨੇ ਮੁਆਫੀ ਵੀ ਮੰਗੀ। ਸੋ ਇਹ ਮੰਨਿਆਂ ਜਾਂਦਾ ਹੈ ਕਿ ਲੇਖਕ ਦੇ ਕਹਿਣ ਤੇ ਰਹਿਣ ਵਿੱਚ ਇਕਸੁਰਤਾ ਹੋਣੀ ਜ਼ਰੂਰੀ ਹੈ।

ਪਰ ਇਸ ਦੇ ਸਮਾਨਾਂਤਰ ਇਕ ਪੂਰਾ ਸਕੂਲ ਹੈ ਜੋ ਕਹਿੰਦਾ ਹੈ ਕਿ ਵਿਚਾਰਾਂ ਦਾ ਟਕਰਾਓ ਜ਼ਰੂਰੀ ਹੈ। ਫਿਕਸ਼ਨ ਵਿੱਚ ਇਕਸੁਰਤਾ ਬਿਲਕੁਲ ਸੰਭਵ ਨਹੀਂ ਹੈ। ਇਕ ਨਾਵਲਕਾਰ ਨੇ ਵੱਖ ਵੱਖ ਕਿਰਦਾਰ ਸਿਰਜਣੇ ਹੁੰਦੇ ਹਨ, ਜਿਸ ਵਿੱਚ ਨਾਇਕ, ਖਲਨਾਇਕ, ਹਸਾਉੜੇ, ਪਾਗਲ ਜਾਂ ਹੋਰ ਕਿਸਮੇ ਦੇ ਕਿਰਦਾਰ ਆ ਸਕਦੇ ਹਨ। ਇਵੇਂ ਤੁਸੀਂ ਨਾਵਲਕਾਰ ਨਾਲ ਕਿੱਥੇ ਸਹਿਮਤ ਤੇ ਕਿਥੇ ਅਸਹਿਮਤ ਹੋਵੋਂਗੇ ? ਸੋ ਲੇਖਕ ਕੋਲ ਹੱਕ ਹੈ ਕਿ ਉਹ ਹੋਰ

ਆਵਾਜ਼ਾਂ ਨੂੰ ਵੀ ਓਨੀ ਹੀ ਸ਼ਿਦਤ ਨਾਲ ਪੇਸ਼ ਕਰ ਸਕੇ ਜਿਹੜੀਆਂ ਉਸ ਦੀਆਂ ਆਪਣੀਆਂ ਨਹੀਂ ਹਨ। ਰੋਲਾਂ ਬਾਰਤ 'ਡੈਥ ਆਫ ਦਾ ਔਥਰ' ਵਿੱਚ ਕਹਿੰਦਾ ਹੈ ਕਿ ਲੇਖਕ ਨੇ ਲਿਖਤ ਇਕ ਵਾਰ ਲਿਖ ਦਿੱਤੀ ਤਾਂ ਉਸ ਤੋਂ ਬਾਅਦ ਉਹ 'ਮਰ' ਜਾਂਦਾ ਹੈ, ਫਿਰ ਲਿਖਤ ਦਾ ਜੀਵਨ ਸ਼ੁਰੂ ਹੁੰਦਾ ਹੈ, ਲਿਖਤ ਨੇ ਹੀ ਬੋਲਣਾ ਹੁੰਦਾ ਹੈ। ਉਂਜ ਵੀ ਸਮਾਂ ਪਾ ਕੇ ਲੇਖਕ ਨੇ ਮਰ ਜਾਣਾ ਹੁੰਦਾ ਹੈ, ਲਿਖਤ ਨੇ ਰਹਿਣਾ ਹੈ। ਟੀ.ਐਸ.ਈਲੀਅਟ ਕਹਿੰਦਾ ਹੈ ਕਿ ਕਵਿਤਾ ਸ਼ਖ਼ਸੀਅਤ ਦੀ ਪੇਸ਼ਕਾਰੀ ਨਹੀਂ, ਇਹ ਸ਼ਖ਼ਸੀਅਤ ਤੋਂ ਭਾਂਜ ਹੈ। ਕਈ ਸਕਾਲਰ ਕਹਿੰਦੇ ਹਨ ਕਿ ਲੇਖਕ ਦੀ ਵਿਚਾਰਧਾਰਾ ਲਿਖਤ ਨੂੰ ਕਮਜ਼ੋਰ ਬਣਾ ਸਕਦੀ ਹੈ। ਲਹਿਰਾਂ ਨਾਲ ਜੁੜਿਆਂ ਸਾਹਿਤ ਇਸ ਦੀ ਵਧੀਆ ਉਦਾਹਰਣ ਹੋ ਸਕਦਾ ਹੈ। ਲੇਖਕ ਦੀ ਰਚਨਾ ਦੇ ਅਰਥ ਰਚਨਾ ਵਿੱਚ ਹੀ ਪਏ ਹੁੰਦੇ ਹਨ ਨਾ ਕਿ ਉਸ ਦੇ ਜੀਵਨ ਵਿੱਚ। ਓਸਕਰ ਵਾਈਲਡ ਆਖਦਾ ਹੈ ਕਿ ਕਿਤਾਬਾਂ ਨੈਤਿਕ ਜਾਂ ਅਨੈਤਿਕ ਨਹੀਂ ਹੁੰਦੀਆਂ। ਜਾਂ ਤਾਂ ਕਿਤਾਬ ਵਧੀਆ ਲਿਖੀ ਗਈ ਹੁੰਦੀ ਹੈ ਜਾਂ ਬੁਰੇ ਤਰੀਕੇ ਨਾਲ। ਉਹ ਹੋਰ ਅੱਗੇ ਜਾਂਦਾ ਕਹਿੰਦਾ ਹੈ ਕਿ ਸਾਹਿਤ ਦਾ ਮੁੱਲ ਉਸ ਦੇ ਕਰਾਫਟ ਵਿੱਚ ਹੈ। ਫਿਕਸ਼ਨ ਖੋਜ (Exploration) ਹੈ, ਸਵੀਕਰਣ (Confession) ਨਹੀਂ। ਕੈਂਟੀਅਨ ਕਲਾ ਤੇ ਸਿਧਾਂਤ ਵਿੱਚ ਫਰਕ ਪਾਉਂਦਾ ਹੈ ਕਿ ਕਲਾ ਵੱਖਰੇ ਤਜਰਬੇ ਸਿਰਜਦੀ ਹੈ ਨਾ ਕਿ ਵਿਚਾਰਧਾਰਾ।

ਪੰਜਾਬੀ ਸਾਹਿਤ ਵਿੱਚ ਵੀ ਇਹ ਫਿਕਰ ਆਮ ਕੀਤਾ ਜਾਂਦਾ ਹੈ ਕਿ ਲੇਖਕ ਉੱਚੇ ਮੁੱਲਾਂ ਦੀ, ਉੱਚੇ ਕਿਰਦਾਰ ਦੀ, ਇਕ ਵਧੀਆ ਸਮਾਜ ਉਸਾਰਨ ਦੀ ਗੱਲ ਕਰਦਾ ਹੈ ਤੇ ਪਾਠਕ ਕੁਦਰਤੀ ਤੌਰ 'ਤੇ ਉਸ ਦਾ ਅਸਰ ਕਬੂਲਦਾ ਹੋਇਆ ਲੇਖਕ ਨੂੰ ਆਪਣਾ ਆਦਰਸ਼ ਮੰਨਣ ਲੱਗਦਾ ਹੈ, ਇਥੇ ਸਥਿਤੀ ਦੀ ਸਖਤ ਮੰਗ ਹੈ ਕਿ ਲੇਖਕ ਨੇ ਜੋ ਲਿਖਿਆ ਹੈ ਉਸ ਦੇ ਨਾਲ ਖੜ੍ਹੇ। ਇਥੇ ਸਾਡਾ ਵਿਚਾਰ ਹੈ ਕਿ ਇਹ ਗੱਲ ਸਾਹਿਤ ਦੇ ਵੱਖਰੇ ਜੌਨਰ 'ਤੇ ਵੱਖਰੇ ਢੰਗ ਨਾਲ ਲਾਗੂ ਹੁੰਦੀ ਹੈ। ਜਿਵੇਂ ਕਿ ਫਿਕਸ਼ਨ ਸਾਹਿਤ ਉਪਰ ਭਾਵੇਂ ਇਹ ਗੱਲ ਲਾਗੂ ਨਹੀਂ ਹੋਣੀ ਚਾਹੀਦੀ ਕਿਉਂਕਿ ਇਸ ਵਿੱਚ ਲੇਖਕ ਨੇ ਕਲਪਨਾ ਕਰਕੇ, ਖੋਜ ਕਰਕੇ, ਆਪਣੇ ਜੀਵਨ-ਜਾਚ ਤੋਂ ਅਗਾਂਹ ਜਾਣਾ ਹੁੰਦਾ ਹੈ। ਪਰ ਯਕੀਨ-ਆਧਾਰਿਤ ਸਾਹਿਤ ਲਿਖਣ ਵਾਲੇ ਲੇਖਕਾਂ ਉਪਰ ਇਹ ਬਿਲਕੁਲ ਲਾਗੂ ਹੁੰਦੀ ਹੈ। ਯਕੀਨ-ਆਧਾਰਿਤ ਲਿਖਤਾਂ ਜਿਵੇਂ ਕਿ ਨੌਨ-ਫਿਕਸ਼ਨ ਸਾਹਿਤ, ਜੀਵਨੀ, ਸਫ਼ਰਨਾਮਾ, ਜਰਨਲਿਜ਼ਮ, ਬੱਚਿਆਂ ਲਈ ਸਾਹਿਤ, ਵਿਅੰਗ, ਪ੍ਰੇਰਨਾਦਾਇਕ-ਸਾਹਿਤ, ਰਾਏ-ਉਸਾਰਨ ਵਾਲੀਆਂ ਲਿਖਤਾਂ ਆਦਿ। ਇਹਨਾਂ ਲਿਖਤਾਂ ਦਾ ਕੰਮ ਪਾਠਕ ਨੂੰ ਯਕੀਨ ਦਵਾਉਣਾ ਹੁੰਦਾ ਹੈ। ਇਥੇ ਲਿਖਤ ਦੀ ਪੜ੍ਹਤ ਵਿਸ਼ਵਾਸ ਉਪਰ ਟਿਕੀ ਹੁੰਦੀ ਹੈ। ਗਲਤ ਜਾਣਕਾਰੀ ਵਾਲੀ ਰਚਨਾ ਪਾਠਕ ਨੂੰ ਗੁੰਮਰਾਹ ਕਰ ਸਕਦੀ ਹੈ।

ਅਸਲ ਵਿੱਚ ਤਾਂ ਗੱਲ ਇਹ ਹੈ ਕਿ ਲੇਖਕ ਦਾ ਕਹਿਣ ਤੇ ਰਹਿਣ ਵਿੱਚ ਇਕਸੁਰਤਾ ਹੋਣ ਵਾਲਾ ਵਿਸ਼ਾ ਬਹੁਤ ਸੂਖਮ ਹੈ। ਇਸ ਬਾਰੇ ਬਹਿਸ ਸਦਾ ਹੀ ਚਲਦੀ ਰਹੀ ਹੈ ਤੇ ਚਲਦੀ ਰਹੇਗੀ।

**- ਅਦਾਰਾ ਸ਼ਬਦ**

## ਕਾਦਰ/ਹਰਜੀਤ ਅਟਵਾਲ

1

ਇਕ ਵਾਰ ਮੈਂ ਕਿਤੇ ਪੜ੍ਹਿਆ ਸੀ ਕਿ ਆਪਣੇ ਦਿਲ ਵਿੱਚ ਇਕ ਹਰਾ ਪੌਦਾ ਲਾਈ ਰੱਖੋ, ਸ਼ਾਇਦ ਕਦੇ ਕੋਈ ਗਾਉਂਦੀ ਹੋਈ ਚਿੜੀ ਉਸ 'ਤੇ ਆ ਬੈਠੇ। ਮੈਂ ਇਹਦੇ ਬਾਰੇ ਬਹੁਤ ਸੋਚਿਆ ਪਰ ਮੈਨੂੰ ਜਾਪਿਆ ਕਿ ਕਿਸੇ ਗਾਉਣ ਵਾਲੀ ਚਿੜੀ ਦੀ ਉਡੀਕ ਕਰਨ ਨਾਲੋਂ ਆਪਣੇ ਰਾਹ ਚਲਦੇ ਚਲੋ ਤੇ ਜ਼ਿੰਦਗੀ ਨੂੰ ਉਵੇਂ ਲੈਂਦੇ ਜਾਵੋ ਜਿਵੇਂ ਇਹ ਤੁਹਾਨੂੰ ਮਿਲਦੀ ਜਾਂਦੀ ਹੈ। ਵਰਤਮਾਨ ਵਰਗਾ ਕੋਈ ਸਮਾਂ ਨਹੀਂ ਹੁੰਦਾ। ਜੇ ਕਿਸੇ ਚੀਜ਼ ਦੀ ਸਮਝ ਨਹੀਂ ਵੀ ਲੱਗ ਰਹੀ ਤਾਂ ਅਨੁਭਵ ਸਿਖਾ ਦੇਵੇਗਾ। ਸੁਖ-ਦੁੱਖ ਗਵਾਂਢੀ ਹਨ, ਖਤਰਾ ਤੇ ਸਵਾਦ ਇਕੋ ਟਾਹਣੀ ਨੂੰ ਲੱਗਦੇ ਹਨ, ਇਸ ਕਰਕੇ ਇਹਨਾਂ ਦਾ ਬਹੁਤਾ ਫਿਕਰ ਕਰਨ ਦੀ ਲੋੜ ਨਹੀਂ। ਉਂਜ ਖਤਰਾ ਦੋਵੇਂ ਪਾਸੇ ਹੈ- ਜੇ ਕਿਸੇ 'ਤੇ ਯਕੀਨ ਨਾ ਕਰੋ ਤਾਂ ਵੀ, ਜੇ ਹਰ ਇਕ 'ਤੇ ਹੀ ਯਕੀਨ ਕਰੋ ਤਾਂ ਵੀ। ਇਕ ਚੀਜ਼ ਦੀ ਤਲਾਸ਼ ਕਰੋ ਪਰ ਮਿਲਦੀ ਦੂਜੀ ਹੈ। ਖੁਸ਼ੀ ਤੁਹਾਡੇ ਅੰਦਰ ਹੀ ਪਈ ਹੁੰਦੀ ਹੈ, ਇਹਨੂੰ ਬਾਹਰੋਂ ਲੱਭਣ ਦੀ ਲੋੜ ਨਹੀਂ ਹੁੰਦੀ। ਦਰਿਆ ਨੂੰ ਧੱਕਾ ਮਾਰ ਕੇ ਪਾਸੇ ਕਰਨ ਦੀ ਕੋਸ਼ਿਸ਼ ਕਰੋਂਗੇ ਤਾਂ ਤਾਕਤ ਵਿਅਰਥ ਜਾਵੇਗੀ। ਇਸ ਤਾਕਤ ਨੂੰ ਕਿਸੇ ਹੋਰ ਵੇਲੇ ਲਈ ਬਚਾ ਕੇ ਰੱਖੋ। ਇਵੇਂ ਹੀ ਕਰਦਾ ਸਾਂ ਮੈਂ। ਮੈਂ ਤੇਜ਼ ਵਗਦੀ ਹਨੇਰੀ ਵਿੱਚ ਵੀ ਮੰਜ਼ਿਲ ਵੱਲ ਨਿਕਲ ਪੈਂਦਾ ਸਾਂ ਪਰ ਅਕਸਰ ਥੋੜ੍ਹੇ ਜਿਹੇ ਮੀਂਹ ਨਾਲ ਹਨੇਰੀ ਰੁਕ ਜਾਂਦੀ ਸੀ, ਇਹੋ ਯਕੀਨ ਮੇਰਾ ਜ਼ਿੰਦਗੀ ਦਾ ਯਕੀਨ ਸੀ।

ਇਸੇ ਯਕੀਨ ਕਰਕੇ ਮੈਂ ਆਪਣੇ ਆਪ ਨੂੰ ਆਪਣੇ ਜਜ਼ੀਰੇ 'ਤੇ ਸੁਰੱਖਿਅਤ ਸਮਝਦਾ ਸਾਂ ਤੇ ਖੁਸ਼ ਸਾਂ। ਹਾਂ, ਹਾਲਾਤ ਨੇ ਮੈਨੂੰ ਇਕ ਜਜ਼ੀਰੇ ਤਕ ਸੀਮਤ ਕਰ ਦਿੱਤਾ ਸੀ। ਕਦੇ ਕਦੇ ਸਾਹਮਣੇ ਵਾਲੇ ਜਜ਼ੀਰੇ ਵੱਲ ਦੇਖ ਲਿਆ ਕਰਦਾ ਸਾਂ ਕਿ ਕੀ ਉਥੇ ਵੀ ਸਭ ਠੀਕ ਹੈ। ਉਥੇ ਕੁਲਜੀਤ ਰਹਿੰਦੀ ਸੀ। ਅਸੀਂ ਆਪੋ ਆਪਣਾ ਜੀਵਨ ਬਾਖੂਬੀ ਜੀਅ ਰਹੇ ਸਾਂ। ਇਵੇਂ ਵੀ ਨਹੀਂ ਸੀ ਕਿ ਅਸੀਂ ਇਕ ਦਮ ਇਕੱਲੇ ਸਾਂ। ਅਸੀਂ ਦੋ ਪੁੱਲਾਂ ਰਾਹੀਂ ਜੁੜੇ ਹੋਏ ਸਾਂ। ਵੱਡੀ ਰੋਮਲਾ ਤੇ ਛੋਟਾ ਅਨੀਸ਼। ਤੀਜਾ ਪੁੱਲ ਘਰ ਸੀ ਜੋ ਸਾਡੇ ਲਈ ਇਕ ਸਾਂਝੀ ਗਰਾਊਂਡ ਸੀ ਜਿਥੇ ਅਸੀਂ ਦੋਵੇਂ ਇਕ ਦੂਜੇ ਦੀ ਹੋਂਦ ਉਪਰ ਸਹੀ ਪਾਉਂਦੇ ਸਾਂ। ਕਦੇ ਜੇ ਲੋੜ ਹੁੰਦੀ ਤਾਂ ਇਕ ਦੂਜੇ ਨੂੰ ਝੱਲ ਵੀ ਲੈਂਦੇ ਸਾਂ। ਘਰ ਉਹ ਓਹਲਾ ਸੀ ਜਿਸ ਦੀ ਓਟ ਵਿੱਚ ਅਸੀਂ ਬਹੁਤ ਕੁਝ ਦੁਨੀਆ ਤੋਂ ਜਾਂ ਬੱਚਿਆਂ ਤੋਂ ਜਾਂ ਆਪਣੇ ਆਪ ਤੋਂ ਵੀ ਛੁਪਾ ਸਕਦੇ ਸਾਂ। ਹੁਣ ਤਾਂ ਬੱਚੇ ਵੱਡੇ ਹੋ ਗਏ ਸਨ। ਟੀਨ ਏਜ ਲੰਘ ਚੁੱਕੇ ਸਨ। ਹੁਣ ਉਹਨਾਂ ਤੋਂ ਕੁਝ ਛੁਪਾਉਣ ਦੇ ਡਰ ਪਹਿਲਾਂ ਜਿਹੇ ਨਹੀਂ ਸਨ ਰਹੇ।

ਜਿਹੜੀ ਬੇਗਾਨਗੀ ਵੀਹ-ਪੱਚੀ ਸਾਲਾਂ ਦੇ ਵਿਆਹ ਵਿੱਚ ਆਉਂਦੀ ਹੁੰਦੀ ਹੈ ਉਹ ਸਾਡੇ ਸੱਤ ਅੱਠ ਸਾਲ ਦੇ ਵਿਆਹ ਵਿੱਚ ਹੀ ਆ ਵੜੀ ਸੀ। ਇਸ ਬੇਗਾਨਗੀ ਵਿੱਚ ਦਰਦ ਤਾਂ ਹੈ ਸੀ ਪਰ ਇਹ ਦਰਦ ਇਲਾਜ ਤੋਂ ਵਧੀਆ ਜਾਪਦਾ ਸੀ। ਕਹਿੰਦੇ ਹਨ ਕਿ ਗੁੱਸਾ ਪਿਆਰ ਵਧਾਉਂਦਾ ਹੈ ਪਰ ਮੇਰੀ ਸਥਿਤੀ ਜਾਂ ਫਿਰ ਮੈਂ ਹੀ ਅਜਿਹਾ ਹੋ ਚੁੱਕਾ ਹਾਂ ਕਿ ਗੁੱਸਾ ਆਉਂਦਾ ਹੀ ਨਹੀਂ। ਕੁਲਜੀਤ ਨੂੰ ਆਪਣੇ ਜੌਬ ਨਾਲ ਜੁੜੇ ਰਹਿਣ ਦੀ ਅਜੀਬ ਜਿਹੀ ਖਬਤ ਸੀ, ਜਾਂ

ਕਹਿ ਲਓ ਕਿ ਜੌਬ ਨੇ ਉਸ ਨੂੰ ਪੂਰੀ ਤਰ੍ਹਾਂ ਸਾਂਭ ਲਿਆ ਹੋਇਆ ਸੀ। ਉਹ ਕਦੇ ਇਕ ਦਿਨ ਵੀ ਵਾਧੂ ਔਫ ਨਹੀਂ ਸੀ ਕਰਦੀ। ਕਿਸੇ ਵੀ ਰਿਸ਼ਤੇ ਤੋਂ ਜ਼ਿਆਦਾ ਮਾਣ ਉਸ ਨੂੰ ਆਪਣੀ ਜੌਬ ’ਤੇ ਸੀ। ਮੈਂ ਸੋਚਦਾ ਹੁੰਦਾ ਕਿ ਜੌਬ ਵੀ ਕੋਈ ਐਡੀ ਨਹੀਂ, ਟੈਸਕੋ ਸੁਪਰ ਸਟੋਰ ਵਿੱਚ ਸਾਧਾਰਨ ਜਿਹੀ ਕੈਸ਼ੀਅਰ ਦੀ ਜੌਬ। ਇਹ ਤਾਂ ਸ਼ੁਕਰ ਕਿ ਬਾਅਦ ਵਿੱਚ ਉਹ ਮੈਨੇਜਰ ਬਣ ਗਈ। ਮੈਂ ਸੋਚਿਆ ਕਿ ਹਾਲਾਤ ਹੁਣ ਕੁਝ ਠੀਕ ਹੋ ਜਾਣਗੇ ਪਰ ਜਦ ਉਹ ਮੈਨੇਜਰੀ ਘਰ ਲਿਆਉਣ ਲੱਗ ਪਈ ਤਾਂ ਅਸੀਂ ਆਪਣੇ ਆਪ ਵਿੱਚ ਹੋਰ ਸਿਮਟ ਗਏ। ਫਿਰ ਮੈਂ ਵੀ ਆਪਣੀ ਰੁਆਇਲ ਮੇਲ ਦੀ ਜੌਬ ਨੂੰ ਢਾਲ਼ ਬਣਾ ਲਿਆ। ਜਿੰਨਾ ਚਿਰ ਉਹ ਘਰ ਹੁੰਦੀ ਤਾਂ ਟੈਲੀਵੀਯਨ ਚਲਦਾ ਰਹਿੰਦਾ, ਅਸੀਂ ਦੇਖਦੇ ਜਾਂ ਨਾ, ਟੈਲੀਵੀਯਨ ਇਸ ਦੀ ਕੋਈ ਪ੍ਰਵਾਹ ਨਹੀਂ ਸੀ ਕਰਦਾ। ਕਦੇ ਕਦੇ ਟੈਲੀਵੀਯਨ ਵੀ ਆਪਣੇ ਆਪ ਨੂੰ ਇਕੱਲਿਆਂ ਕਰਨ ਦਾ ਵਧੀਆ ਤਰੀਕਾ ਹੋ ਨਿਬੜਦਾ ਹੈ। ਫਿਰ ਸੋਨੇ ’ਤੇ ਸੁਹਾਗੇ ਵਾਲੀ ਗੱਲ ਇਹ ਹੋਈ ਕਿ ਮੁਬਾਈਲ ਫੋਨ ਹੋਂਦ ਵਿੱਚ ਆ ਗਏ। ਮੁਬਾਈਲ ਫੋਨਾਂ ਨੇ ਤਾਂ ਸਾਰੀ ਦੁਨੀਆ ਹੀ ਇਕੱਲੀ ਕਰ ਦਿੱਤੀ ਸੀ। ਕਿਤੇ ਘਰ ਅਸੀਂ ਇਕੱਠੇ ਵੀ ਹੋ ਜਾਂਦੇ ਤਾਂ ਆਪੋ ਆਪਣੇ ਫੋਨ ਵਿੱਚ ਵੜੇ ਰਹਿੰਦੇ। ਬੱਚੇ ਵੱਡੇ ਹੋਏ ਤਾਂ ਉਹ ਵੀ ਮੁਬਾਈਲਾਂ ਵਿੱਚ ਜਾ ਵੜੇ।

ਕੁਝ ਸਮਝੌਤੇ ਜਿਹੇ ਸ਼ੁਰੂ ਵਿੱਚ ਹੀ ਹੋ ਗਏ ਸਨ ਕਿ ਬੱਚੇ ਤੇ ਘਰ ਸੰਭਾਲਣ ਲਈ ਉਹ ਦਿਨ ਦੀ ਸ਼ਿਫਟ ਕਰੇਗੀ ਤੇ ਮੈਂ ਰਾਤ ਦੀ। ਇਹ ਪ੍ਰਕਿਰਿਆ ਸਾਰੀ ਉਮਰ ਚੱਲੀ। ਹਾਲੇ ਵੀ ਮੈਂ ਰਾਤ ਦੀ ਸ਼ਿਫਟ ਕਰਦਾ ਸਾਂ ਤੇ ਉਹ ਦਿਨ ਦੀ। ਉਸ ਨੇ ਘਰ ਤੇ ਬੱਚੇ ਬਹੁਤ ਵਧੀਆ ਢੰਗ ਨਾਲ ਸੰਭਾਲੇ ਤੇ ਪਾਲ਼ੇ। ਗੱਲਬਾਤ ਉਸ ਦੀ ਪੱਛਮੀ ਲਹਿਜ਼ੇ ਦੀ ਸੀ ਤੇ ਮਾਂ ਵੇਲੇ ਬਿਲਕੁਲ ਇੰਡੀਅਨ ਮਾਂ ਬਣ ਜਾਂਦੀ, ਭਾਰਤੀ ਮਾਵਾਂ ਵਾਲੇ ਕੁਝ ਭਰਮ ਵੀ ਪਾਲੇ ਹੋਏ ਸਨ। ਘਰ ਤੇ ਬੱਚਿਆਂ ਦੀ ਸੰਭਾਲ ਬਦਲੇ ਵਿੱਚ ਮੈਂ ਉਸ ਦੇ ਮੂਡ ਦੀ ਕਦਰ ਪਾਉਣੀ ਵੱਡੀ ਗੱਲ ਨਹੀਂ ਸੀ। ਮੈਂ ਉਸ ਦੇ ਘਰ ਵੜਦਿਆਂ ਹੀ ਸਮਝ ਜਾਂਦਾ ਕਿ ਉਸ ਦਾ ਮੂਡ ਗੱਲ ਕਰਨ ਦਾ ਹੈ ਕਿ ਨਹੀਂ, ਜੇ ਹੁੰਦਾ ਤੇ ਮੈਨੂੰ ਵੀ ਗੱਲ ਕਰਨ ਦੀ ਲੋੜ ਹੁੰਦੀ ਤਾਂ ਮੈਂ ਕਰ ਲੈਂਦਾ। ਨਹੀਂ ਤਾਂ ਉਹ ਸੋਫੇ ’ਤੇ ਬਹਿ ਕੇ ਕੁਝ ਦੇਰ ਲਈ ਅਰਾਮ ਕਰਦੀ, ਟੈਲੀਵੀਯਨ ਚੱਲ ਰਿਹਾ ਹੁੰਦਾ ਪਰ ਉਹ ਫੋਨ ਦੇਖਦੀ। ਫੋਨ ਦੇਖਦੀ ਹੀ ਹੱਸ ਪੈਂਦੀ ਜਾਂ ਗੰਭੀਰ ਹੋ ਜਾਂਦੀ। ਕੁਝ ਦੇਰ ਬਾਅਦ ਰਸੋਈ ਵਿੱਚ ਜਾ ਵੜਦੀ। ਹਾਂ, ਕੋਈ ਤੀਜਾ ਬੰਦਾ ਹਾਜ਼ਰ ਹੁੰਦਾ, ਕਈ ਵਾਰ ਬੱਚਿਆਂ ਸਾਹਮਣੇ ਵੀ ਉਹ ਆਪਣੇ ਮੂਡ ਵਿੱਚੋਂ ਨਿਕਲ ਆਉਂਦੀ, ਜਾਂ ਅਜਿਹੀ ਐਕਟਿੰਗ ਕਰਦੀ। ਮੇਰੇ ਮੂਡ ਨਾਲ ਉਹ ਕਿਵੇਂ ਨਿਭਦੀ, ਮੈਨੂੰ ਨਹੀਂ ਪਤਾ ਕਿਉਂਕਿ ਉਸ ਨੇ ਕਦੇ ਸ਼ਿਕਾਇਤ ਹੀ ਨਹੀਂ ਸੀ ਕੀਤੀ। ਜਾਂ ਫਿਰ ਮੇਰੇ ਵੱਲੋਂ ਕਿਸੇ ਸ਼ਿਕਾਇਤ ਦਾ ਨਾ ਹੋਣਾ ਉਸ ਨੂੰ ਇੰਜ ਕਰਵਾ ਰਿਹਾ ਸੀ।

ਇਹ ਇਕ ਅਜਿਹਾ ਮਸਲਾ ਸੀ ਜਿਸ ਨੂੰ ਮੈਂ ਮਸਲਾ ਨਹੀਂ ਸਾਂ ਕਹਿੰਦਾ, ਇਹ ਹੁਣ ਜੀਉਣ ਦਾ ਤਰੀਕਾ ਸੀ, ਜਿਸ ਨੂੰ ‘ਵੇਅ ਆਫ ਲਾਈਫ’ ਵੀ ਕਹਿੰਦੇ ਹਨ। ਹੁਣ ਪਿਛਲੇ ਕੁਝ ਸਾਲਾਂ ਤੋਂ ਇਕ ਮਸਲਾ ਹੋਰ ਖੜ੍ਹਾ ਹੋ ਗਿਆ ਸੀ, ਉਹ ਸੀ ਵੈਨਕੋਵਰ ਜਾਣ ਦਾ। ਇਹ ਮਸਲਾ ਛੋਟਾ ਹੀ ਸੀ ਪਰ ਇਸ ਦੀ ਚੋਭ ਤਿੱਖੀ ਸੀ। ਇਹ ਮਸਲਾ ਅਜਿਹਾ ਸੀ ਕਿ ਨਾ ਕਿਸੇ ਨਾਲ ਸਾਂਝਾ ਕਰ ਸਕਦਾ ਸਾਂ ਤੇ ਨਾ ਹੀ ਇਸ ਦਾ ਕੋਈ ਕਥਾਰਸਜ਼ ਸੀ। ਵੈਨਕੋਵਰ ਮੇਰੇ ਦੋਸਤ ਰਹਿੰਦੇ ਸਨ। ਉਹਨਾਂ ਤੋਂ ਵੀ ਉਪਰ ਮੇਰੀ ਭੈਣ ਲਖਵੀਰਾਂ ਉਥੇ ਸੀ, ਉਸ ਦਾ ਪਤੀ ਅਰਮਿੰਦਰ ਤੇ ਧੀ ਸ਼ਾਮਲੀ ਤੇ ਪੁੱਤ ਰਵੀ। ਉਹ ਸਾਰੇ ਲੰਡਨ ਆਉਂਦੇ। ਇੰਡੀਆ ਜਾਂਦੇ ਹੋਏ ਜਾਂ ਉਂਜ ਹੀ

ਆ ਜਾਂਦੇ। ਲਖਵੀਰਾਂ ਕਹਿੰਦੀ, "ਵੀਰੇ, ਸਾਡੇ ਕੋਲ ਕਦੋਂ ਆਉਣਾ ?"

"ਕਦੇ ਵੀ ਆ ਜਾਵਾਂਗਾ, ਉਥੇ ਕਿਹੜਾ ਮੇਰੇ ਲਈ ਕਰਫਿਊ ਲੱਗੈ ?" ਮੈਂ ਹੱਸਦਾ ਹੋਇਆ ਉਸ ਦਾ ਤੇ ਆਪਣਾ ਦਿਲ ਰੱਖਦਾ।

ਉਂਜ ਵੈਨਕੋਵਰ ਮੈਂ ਗਿਆ ਹੋਇਆ ਸਾਂ। ਉਹਨਾਂ ਦਿਨਾਂ ਵਿੱਚ ਜਦ ਮੈਂ ਇੰਗਲੈਂਡ ਨਵਾਂ ਆਇਆ ਸਾਂ, ਕਨੇਡਾ-ਅਮਰੀਕਾ ਦੇਖਣ ਦਾ ਚਾਅ ਸੀ, ਉਦੋਂ ਸਾਰੇ ਘੁੰਮ ਕੇ ਆਇਆ ਸਾਂ। ਕਨੇਡਾ ਦਾ ਹਰ ਵੱਡਾ ਸ਼ਹਿਰ ਦੇਖਿਆ ਸੀ, ਖਾਸ ਕਰਕੇ ਟਰਾਂਟੋ। ਟਰਾਂਟੋ ਵਿੱਚ ਮੇਰੇ ਕਈ ਦੋਸਤ ਰਹਿੰਦੇ ਸਨ ਤੇ ਮੇਰੇ ਮਾਮੇ ਦੀ ਕੁੜੀ ਅਮਰਜੀਤ ਤੇ ਉਸ ਦਾ ਪਤੀ ਨਿਰਮਲ ਵੀ। ਮੇਰੇ ਨਾਲ ਪੜ੍ਹਦੇ ਜਾਂ ਮੇਰੇ ਨਾਲ ਹਾਕੀ ਖੇਡਦੇ ਬਹੁਤ ਸਾਰੇ ਮੁੰਡੇ ਕਨੇਡਾ ਵਿੱਚ ਸੈਟਲ ਹੋ ਗਏ ਸਨ। ਉਦੋਂ ਕਨੇਡਾ ਜਾਣ ਦਾ ਚਾਅ ਸੀ। ਹੁਣ ਗੱਲ ਉਲਟ ਹੈ, ਹੁਣ ਮੇਰੀ ਹਰ ਕੋਸ਼ਿਸ਼ ਇਹੀ ਹੋਵੇਗੀ ਕਿ ਨਾ ਜਾਵਾਂ।

ਛੇ ਕੁ ਸਾਲ ਪਹਿਲਾਂ ਇਕ ਵਾਰ ਮੇਰੇ ਸਾਹਮਣੇ ਅਜੀਬ ਜਿਹੀ ਸਥਿਤੀ ਆ ਖੜ੍ਹੀ ਸੀ। ਲਖਵੀਰਾਂ ਦਾ ਫੋਨ ਆਇਆ, "ਵੀਰੇ, ਅਸੀਂ ਕਾਰੋਬਾਰ ਵਧਾਇਆ, ਇਕ ਰੈਸਟੋਰੈਂਟ ਲਿਐ, ਨਵਾਂ ਘਰ ਵੀ, ਅਖੰਡ-ਪਾਠ ਰੱਖਣੈ, ਤੈਨੂੰ ਆਉਣਾ ਪੈਣੈ, ਹੁਣ ਤੂੰ ਕੋਈ ਬਹਾਨਾ ਨਹੀਂ ਬਣਾ ਸਕਦਾ।"

"ਭੈਣਾਂ, ਜ਼ਰੂਰ ਆਵਾਂਗਾ।" ਮੈਂ ਕਿਹਾ ਸੀ ਪਰ ਗਿਆ ਨਹੀਂ ਸਾਂ। ਮੈਂ ਆਪਣੀ ਜ਼ੋਨ ਵਿੱਚੋਂ ਬਾਹਰ ਨਿਕਲ ਕੇ ਕੁਲਜੀਤ ਨੂੰ ਕਨੇਡਾ ਜਾਣ ਲਈ ਕਿਹਾ ਤੇ ਨਾਲ ਅਨੀਸ਼ ਨੂੰ ਭੇਜ ਦਿੱਤਾ। ਉਸ ਤੋਂ ਬਾਅਦ ਰੋਮਲਾ ਵੀ ਦੋ ਹਫਤਿਆਂ ਲਈ ਵੈਨਕੋਵਰ ਜਾ ਆਈ ਸੀ। ਮੈਂ ਕੰਮ ਤੋਂ ਛੁੱਟੀਆਂ ਨਾ ਮਿਲਣ ਦਾ ਬਹਾਨਾ ਲਾ ਲਿਆ ਸੀ। ਰੁਆਇਲ ਮੇਲ ਵਿੱਚ ਉਦੋਂ ਬਹੁਤ ਸਾਰੀਆਂ ਤਬਦੀਲੀਆਂ ਕੀਤੀਆਂ ਗਈਆਂ ਸਨ, ਜੌਬਾਂ ਦੇ ਤੌਰ-ਤਰੀਕੇ ਬਦਲ ਰਹੇ ਸਨ, ਅਜਿਹੇ ਸਮੇਂ ਵਿੱਚ ਛੁੱਟੀ ਸ਼ਾਇਦ ਹੀ ਮਿਲਦੀ। ਉਂਜ ਮੈਂ ਕੋਸ਼ਿਸ਼ ਵੀ ਨਹੀਂ ਸੀ ਕੀਤੀ।

ਉਸ ਤੋਂ ਬਾਅਦ ਲਖਵੀਰਾਂ ਨੇ ਮੇਰੇ ਵੈਨਕੋਵਰ ਨਾ ਆਉਣ 'ਤੇ ਸ਼ਿਕਾਇਤ ਕੀਤੀ ਤਾਂ ਮੈਂ ਕਿਹਾ ਸੀ, "ਭੈਣਾਂ, ਕੁਲਜੀਤ ਤੇ ਅਨੀਸ਼ ਆ ਤਾਂ ਗਏ ਸਨ, ਮੇਰੀ ਹਾਜ਼ਰੀ ਲੱਗ ਹੀ ਗਈ।"

"ਵੀਰੇ, ਮੈਨੂੰ ਤਾਰੇ ਨਹੀਂ, ਚੰਨ ਚਾਹੀਦਾ, ਤਾਰੇ ਤਾਂ ਬਥੇਰੇ ਹੈ ਸਨ ਪਰ ਚੰਨ ਤਾਂ ਇਕੋ ਹੁੰਦੈ, ਤਾਰੇ ਬੋਲਦੇ ਨਹੀਂ ਹੁੰਦੇ, ਚੰਨ ਚੁੱਪ ਰਹਿ ਕੇ ਵੀ ਬਹੁਤ ਕੁਝ ਕਹਿ ਰਿਹਾ ਹੁੰਦੈ, ...ਚੰਨ ਹੈ ਨਹੀਂ ਸੀ।" ਲਖਵੀਰਾਂ ਨੇ ਕਿਸੇ ਬੁੱਢੀ ਔਰਤ ਵਾਂਗ ਉਲ੍ਹਾਮਾ ਦਿੱਤਾ ਸੀ।

"ਭੈਣਾਂ, ਫਿਕਰ ਨਾ ਕਰ, ਮੈਂ ਜਲਦੀ ਹੀ ਵੈਨਕੋਵਰ ਆਵਾਂਗਾ।" ਮੈਂ ਕਿਹਾ ਭਾਵੇਂ ਵੈਨਕੋਵਰ ਜਾਣਾ ਹੀ ਨਹੀਂ ਸਾਂ ਚਾਹੁੰਦਾ।

ਮੇਰਾ ਵੈਨਕੋਵਰ ਨਾ ਜਾਣ ਦਾ ਕਾਰਨ ਸੀ- ਪਲਵੀ। ਉਥੇ ਪਲਵੀ ਰਹਿੰਦੀ ਸੀ। ਮੈਂ ਪਲਵੀ ਦਾ ਸਾਹਮਣਾ ਕਰਨ ਤੋਂ ਡਰਦਾ ਸਾਂ, ਜਾਂ ਕਹਿ ਲਓ ਕਿ ਇਹ ਡਰ ਮੈਂ ਆਪ ਹੀ ਪਾਲ਼ ਰਖਿਆ ਸੀ। ਕਾਰਨ ਇਹ ਸੀ ਕਿ ਮੈਂ ਪਲਵੀ ਦੀ ਹਾਕ ਨਹੀਂ ਸੀ ਸੁਣੀ, ਜਾਂ ਸੁਣ ਕੇ ਅਣਸੁਣੀ ਕਰ ਦਿੱਤੀ ਸੀ। ਜਾਂ ਪਲਵੀ ਦੇ ਡਰ ਦਾ ਹੱਥ ਨਹੀਂ ਸੀ ਫੜਿਆ। ਜਾਂ ਪਲਵੀ ਦੀ ਤੜਫਣ ਸਿਰਹਾਣੇ ਮੇਰੇ ਦੋ ਬੋਲ ਨਹੀਂ ਸਨ ਬੈਠੇ। ਜਾਂ ਪਲਵੀ ਦੀ ਸ਼ਿਕਾਇਤ ਲਈ ਆਪਣੇ ਕੰਨਾਂ ਦੇ ਬੂਹੇ ਭੇੜ ਰੱਖੇ ਸਨ। ਇਹਨਾਂ ਬਾਰੇ ਸੋਚਦਾ ਸੋਚਦਾ ਮੈਂ ਗੁਨਾਹਗਾਰ ਬਣ ਬੈਠਾ ਸਾਂ। ਸੱਚ ਇਹ